## ਨੀਤੀ ਕਥਾਵਾਂ

ਉਹ ਕਥਾਵਾਂ ਜਿਨ੍ਹਾਂ ਰਾਹੀਂ ਸਰੋਤਿਆਂ ਜਾਂ ਪਾਠਕਾਂ ਨੂੰ ਜੀਵਨ ਵਿੱਚ ਕੰਮ ਆਉਣ ਵਾਲ਼ੀਆਂ ਨੀਤੀਆਂ,ਜੁਗਤਾਂ ਤੇ ਚਾਲਾਂ ਸਮਝਾਉਣ ਦਾ ਜਤਨ ਹੋਵੇ, ਉਹ ਨੀਤੀ ਕਥਾਵਾਂ ਕਹਾਉਂਦੀਆਂ ਹਨ। ਜਿਵੇਂ ਲੋਕ-ਸਾਹਿਤ ਦਾ ਇੱਕ ਅੰਗ ਲੋਕ-ਕਹਾਣੀਆਂ ਹਨ ਤਿਵੇਂ ਲੋਕ-ਕਹਾਣੀਆਂ ਦਾ ਇੱਕ ਅੰਗ ਨੀਤੀ ਕਥਾਵਾਂ ਹਨ। ਨੀਤੀ-ਕਥਾਵਾਂ ਵਿੱਚ ਸਿੱਖਿਆ ਜਾਂ ਉਪਦੇਸ਼ ਨੂੰ ਸਿੱਧੇ ਤੌਰ ਤੇ ਦੇਣ ਦੀ ਥਾਂ ਕਹਾਣੀ ਵਿੱਚ ਪਰੋ ਕੇ ਦਿੱਤਾ ਜਾਂਦਾ ਹੈ। ਨੀਤੀ-ਕਥਾਵਾਂ ਵਿੱਚ ਕਹਾਣੀ-ਰਸ ਪ੍ਰਧਾਨ ਹੋਣ ਕਾਰਨ ਇਹ ਮਨੋਰੰਜਕ ਹੁੰਦੀਆਂ ਹਨ। ਇਹਨਾਂ ਕਥਾਵਾਂ ਵਿੱਚ ਵਿਚਿੱਤਰਤਾ ਅਤੇ ਵਾਸਤਵਿਕਤਾ ਦਾ ਬੜਾ ਸੁੰਦਰ ਮੇਲ਼ ਹੁੰਦਾ ਹੈ।

ਨੀਤੀ ਕਥਾਵਾਂ ਦੇ ਪ੍ਰਾਚੀਨ ਗ੍ਰੰਥਾਂ ਪੰਚ ਤੰਤਰ, ਅਤੇ ਹਿਤੋ-ਉਪਦੇਸ਼ ਵਿੱਚ ਸ਼ਾਮਲ ਕਹਾਣੀਆਂ ਨੂੰ ਪੰਜਾਬ ਦੀਆਂ ਨੀਤੀ-ਕਥਾਵਾਂ ਹੀ ਮੰਨਿਆ ਜਾਂਦਾ ਹੈ। ਕਥਾ ਸਾਹਿਤ ਸਾਗਰ ਨਾਂ ਦਾ ਗ੍ਰੰਥ ਵੀ ਅਜਿਹੀਆਂ ਕਥਾਵਾਂ ਦਾ ਭੰਡਾਰ ਹੈ। ਪੰਚਤੰਤਰ ਦੀਆਂ ਕਹਾਣੀਆਂ ਬਾਰੇ ਇਹੋ ਮਤ ਹੈ ਕਿ ਇਕ ਬਾਦਸ਼ਾਹ ਦੇ ਨਲਾਇਕ ਬੇਟਿਆਂ ਨੂੰ ਰਾਜਨੀਤੀ ਦੇ ਗੁਣ ਸਿਖਾਉਣ ਅਤੇ ਸਿਖਿਆ ਦੇਣ ਲਈ ਉਨ੍ਹਾਂ ਦੇ ਅਧਿਆਪਕ ਦੁਆਰਾ ਸਿਰਜੀਆਂ ਗਈਆਂ ਹਨ। ਹਰ ਕਹਾਣੀ ਦੇ ਅੰਤ ਤੇ ਕੋਈ ਨਾ ਕੋਈ ਸਮਾਜਕ, ਸਦਾਚਾਰਕ, ਧਾਰਮਿਕ, ਜਾਂ ਰਾਜਨੀਤਿਕ ਉਪਦੇਸ਼ ਦਿੱਤਾ ਗਿਆ ਹੈ। ਲਾਲਸਾ ਦਾ ਚੱਕੀ,ਲਾਲਚੀ ਕੁੱਤਾ,ਲੂੰਮੜੀ ਅਤੇ ਕਾਂ,ਬਘਿਆੜ ਅਤੇ ਲੇਲਾ,ਊਠ ਤੇ ਗਿੱਦੜ, ਸ਼ੇਰ ਤੇ ਚੂਹਾ, ਆਦਿ ਸਭ ਨੀਤੀ ਕਥਾਵਾਂ ਹਨ।

ਨੀਤੀ-ਕਥਾਵਾਂ ਦਾ ਮੁੱਖ ਲੱਛਣ ਇਹ ਹੈ ਕਿ ਇਹਨਾਂ ਦੇ ਪਾਤਰ ਜਿੱਥੇ ਮਨੁੱਖ ਹਨ ਉੱਥੇ ਪਸ਼ੂ, ਪੰਛੀ ਅਤੇ ਬੇਜਾਨ ਵਸਤਾਂ ਵੀ ਹਨ। ਇਹ ਮਨੁੱਖਾਂ ਵਾਂਗ ਬੋਲਦੇ, ਕਾਰਜ ਕਰਦੇ, ਰਿਸ਼ਤੇ ਬਣਾਉਂਦੇ, ਦੁਸ਼ਮਣੀਆਂ ਪਾਲ਼ਦੇ ਅਤੇ ਮਿੱਤਰਤਾ ਨਿਭਾਉਂਦੇ ਹਨ। ਇਸ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਮੂਲ ਤੌਰ ਤੇ ਰਾਜ-ਘਰਾਣੇ ਦੇ ਬੱਚਿਆਂ ਭਾਵ ਰਾਜਕੁਮਾਰਾਂ ਨੂੰ ਰਾਜਨੀਤੀ ਸਿਖਾਉਣ ਲਈ ਇਹ ਕਥਾਵਾਂ ਘੜੀਆਂ ਗਈਆਂ ਸਨ। ਇਸੇ ਲਈ ਇਹਨਾਂ ਵਿੱਚ ਪਸ਼ੂ-ਪੰਛੀਆਂ ਆਦਿ ਦੇ ਮਾਧਿਅਮ ਰਾਹੀਂ ਮਨੁੱਖੀ-ਸੁਭਾਅ ਦੀਆਂ ਬਰੀਕੀਆਂ ਸਮਝਾਈਆਂ ਗਈਆਂ ਹਨ। ਕਈਆਂ ਥਾਂਵਾਂ ਤੇ ਨੀਤੀ-ਸੂਤਰ ਕਹਾਣੀ ਦੇ ਅੰਤ ਵਿੱਚ ਸਪਸ਼ਟ ਰੂਪ ਵਿੱਚ ਦਿੱਤਾ ਹੁੰਦਾ ਹੈ। ਆਮ ਤੌਰ ਤੇ ਇਹ ਸੂਤਰ ਸ਼ੁਰੂ ਤੋਂ ਹੀ ਉੱਘੜਨਾ ਸ਼ੁਰੂ ਹੋ ਜਾਂਦਾ ਹੈ। ਆਮ ਤੌਰ ਤੇ ਅਜੇਹੀਆਂ ਕਹਾਣੀਆਂ ਦੇ ਦੋ ਭਾਗ ਹੁੰਦੇ ਹਨ। ਪਹਿਲੇ ਹਿੱਸੇ ਵਿਚ ਵਾਰਤਾ ਦੇ ਨਾਲ਼-ਨਾਲ਼ ਉਦੇਸ਼ ਨੂੰ ਉਦਾਹਰਨ ਸਹਿਤ ਸਮਝਿਆ ਜਾਂਦਾ ਹੈ ਅਤੇ ਦੂਸਰੇ ਹਿੱਸੇ ਵਿੱਚ ਉਪਦੇਸ਼ਾਤਮਕ ਕਥਨ ਦੀ ਵਿਵਰਨ ਲੋਕੋਕਤੀ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਉਪਦੇਸ਼ ਜਾਂ ਸਿੱਖਿਆ ਨੀਤੀ ਕਥਾ ਦਾ ਬੁਨਿਆਦੀ ਤੱਤ ਹੈ।

ਇਹਨਾਂ ਕਥਾਵਾਂ ਰਾਹੀਂ ਸਮਝਾਈਆਂ ਕਈ ਨੀਤੀਆਂ ਅਜੋਕੇ ਸਮੇਂ ਦੇ ਪ੍ਰਸੰਗ ਵਿੱਚ ਵੇਖਿਆਂ ਸਰਲ ਜਾਂ ਵਕਤ ਵਿਹਾ ਚੁੱਕੀਆਂ ਵੀ ਜਾਪ ਸਕਦੀਆਂ ਹਨ ਪਰ ਇਹਨਾਂ ਨੂੰ ਮੁੱਧ ਕਾਲ ਦੀਆਂ ਪਰਿਸਥਿਤੀਆਂ ਵਿੱਚ ਰੱਖ ਕੇ ਵੇਖਿਆ ਜਾਵੇ ਤਾਂ ਇਹ ਓੜਕ ਦੀਆਂ ਪ੍ਰਭਾਵਸ਼ਾਲੀ ਜਾਪਦੀਆਂ ਹਨ। ਪੰਜਾਬੀ ਦੀਆਂ ਨੀਤੀ ਕਥਾਵਾਂ ਦਾ ਰੰਗ ਸਿੱਧੇ -ਅਸਿੱਧੇ ਰੂਪ ਵਿੱਚ ਸਾਡੇ ਅਜੋਕੇ ਬਾਲ-ਸਾਹਿਤ ਉੱਤੇ ਵੀ ਪਿਆ ਹੈ। ਆਮ ਜ਼ਿੰਦਗੀ ਵਿੱਚ ਵੀ ਟੋਟਕਿਆਂ ਅਤੇ ਹਵਾਲਿਆਂ ਵਜੋਂ ਇਹ ਨੀਤੀ-ਕਥਾਵਾਂ ਵਰਤੀਆਂ ਜਾਂਦੀਆਂ ਹਨ।

### ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਪਾਠਕਾਂ ਸਰੋਤਿਆਂ ਨੂੰ ਜੀਵਨ ਵਿੱਚ ਕੰਮ ਆਉਣ ਵਾਲ਼ੀਆਂ ਨੀਤੀਆਂ, ਜੁਗਤਾਂ ਤੇ ਚਾਲਾਂ ਨੂੰ ਸਮਝਾਉਣ ਦਾ ਯਤਨ ਕਰਨ ਵਾਲ਼ੀ ਕਥਾ, ਲੋਕ ਕਹਾਣੀ ਨੂੰ ਕੀ ਕਿਹਾ ਜਾਂਦਾ ਹੈ ?

ਉ- ਨੀਤੀ ਕਥਾ।

ਪ੍ਰ-2 ਕਿਸ ਰਚਨਾ ਵਿੱਚ ਸਿੱਖਿਆ ਜਾਂ ਉਪਦੇਸ਼ ਸਿੱਧੇ ਨਹੀਂ, ਸਗੋਂ ਕਥਾ ਵਿੱਚ ਪਰੋ ਕੇ ਦਿੱਤੇ ਜਾਂਦੈ ਹਨ?

ਉ- ਨੀਤੀ ਕਥਾ।

ਪ੍ਰ-3 ਵਚਿੱਤਰਤਾ ਤੇ ਵਾਸਤਵਿਕਤਾ ਦਾ ਸੁਮੇਲ ਕਿਸ ਵਿੱਚ ਹੁੰਦਾ ਹੈ?

ਉ- ਨੀਤੀ ਕਥਾ।

ਪ੍ਰ-4 ਪਸ਼ੂਆਂ ਪੰਛੀਆਂ ਦੇ ਮਾਧਿਅਮ ਰਾਹੀਂ ਮਨੁੱਖੀ ਸੁਭਾ ਦੀਆਂ ਬਰੀਕੀਆਂ ਕਿਨ੍ਹਾਂ ਕਥਾਵਾਂ ਰਾਹੀਂ ਸਮਝਾਈਆਂ ਜਾਂਦੀਆਂ ਹਨ?

ਉ- ਨੀਤੀ ਕਥਾ ਰਾਹੀਂ।

ਪ੍ਰ-5 ਨੀਤੀ ਕਥਾਵਾਂ ਦੇ ਦੋ ਪ੍ਰਾਚੀਨ ਗ੍ਰੰਥਾਂ ਦੇ ਨਾਮ ਲਿਖੋ?

ਉ- ਪੰਚਤੰਤਰ ਤੇ ਹਿਤੋਪਦੇਸ਼।

ਪ੍ਰ-6 ਕਥਾ ਸਾਹਿਤ ਸਾਗਰ ਗ੍ਰੰਥ ਵਿੱਚ ਕੀ ਹੈ?

ਉ- ਨੀਤੀ ਕਥਾਵਾਂ।

ਪ੍ਰ-7 ਕਿੰਨ੍ਹਾ ਕਥਾਵਾਂ ਵਿੱਚ ਪਸ਼ੂ-ਪੰਛੀ ਤੇ ਬੇਜਾਨ ਵਸਤਾਂ ਮਨੁੱਖਾਂ ਵਾਂਗ ਰਿਸ਼ਤੇ ਪੇਸ਼ ਆਉਂਦੇ ਮਿੱਤਰਤਾਈਆਂ ਨਿਭਾਉਂਦੇ ਤੇ ਦੁਸ਼ਮਣੀਆਂ ਪਾਲਦੇ ਹਨ?

ਉ- ਨੀਤੀ ਕਥਾਵਾਂ ਵਿੱਚ।

ਪ੍ਰ-8 ਰਾਜ ਘਰਾਣਿਆਂ ਦੇ ਬੱਚਿਆਂ ਨੂੰ ਰਾਜਨੀਤੀ ਸਿਖਾਉਣ ਲਈ ਕਿਨ੍ਹਾਂ ਕਥਾਵਾਂ ਦੀ ਰਚਨਾ ਹੋਈ?

ਉ- ਨੀਤੀ ਕਥਾਵਾਂ ਦੀ।

## ਲਾਲਸਾ ਦੀ ਚੱਕੀ

ਇੱਕ ਸ਼ਹਿਰ ਵਿੱਚ ਇੱਕ ਬੰਦਾ ਰਹਿੰਦਾ ਸੀ। ਉਹ ਬੜਾ ਲਾਲਚੀ ਸੀ। ਉਸ ਨੇ ਕਿਧਰੋਂ ਸੁਣਿਆ ਕਿ ਜੇ ਸਾਧੂ-ਸੰਤਾਂ ਦੀ ਸੇਵਾ ਕਰੀਏ ਤਾਂ ਬੜਾ ਧਨ ਪ੍ਰਾਪਤ ਹੁੰਦਾ ਹੈ। ਇਹ ਸੋਚ ਕੇ ਉਸ ਨੇ ਸਾਧਾਂ-ਸੰਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇੱਕ ਵਾਰ ਦੀ ਗੱਲ ਹੈ ਕਿ ਉਸ ਦੇ ਘਰ ਬੜੀ ਕਰਨੀ ਵਾਲ਼ੇ ਇੱਕ ਸੰਤ ਆਏ। ਉਹਨਾਂਨੇ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਨੂੰ ਚਾਰ ਦੀਵੇ ਦਿੱਤੇ ਅਤੇ ਕਿਹਾ, ਇਹਨਾ ਵਿੱਚੋਂ ਇੱਕ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪੈਣਾ। ਜਿੱਥੇ ਦੀਵਾ ਬੁਝ ਜਾਵੇ, ਉੱਥੋਂ ਧਰਤੀ ਪੁੱਟ ਲੈਣਾ, ਉੱਥੋਂ ਤੈਨੂੰ ਕਾਫ਼ੀ ਧਨ ਮਿਲ਼ ਜਾਵੇਗਾ। ਜੇ ਫਿਰ ਤੈਨੂੰ ਦੌਲਤ ਦੀ ਲੋੜ ਪਵੇ ਤਾਂ ਦੂਜਾ ਦੀਵਾ ਬਾਲ਼ ਕੇ ਪੱਛਮ ਵੱਲ ਨੂੰ ਤੁਰ ਪੈਣਾ। ਜਿੱਥੇ ਦੀਵਾ ਬੁਝੇ ਤਾਂ ਉੱਥੇ ਜ਼ਮੀਨ ਪੁੱਟ ਲੈਣਾ, ਤੈਨੂੰ ਮਨ-ਚਾਹੀ ਮਾਇਆ ਮਿਲੇਗੀ। ਜੇ ਫਿਰ ਵੀ ਸੰਤੁਸ਼ਟੀ ਨਾ ਹੋਵੇ ਤਾਂ ਤੀਜਾ ਦੀਵਾ ਬਾਲ਼ ਕੇ ਦੱਖਣ ਵੱਲ ਨੂੰ ਜਾਣਾ। ਉਸੇ ਤਰ੍ਹਾਂ ਦੀਵਾ ਬੁਝਣ ਤੇ ਜਦੋਂ ਤੂੰ ਜ਼ਮੀਨ ਪੁੱਟੇਗਾ ਤਾਂ ਤੈਨੂੰ ਬੇਓੜਕ ਧਨ ਮਿਲ਼ੇਗਾ। ਤਦ ਤੇਰੇ ਕੋਲ਼ ਕੇਵਲ ਇੱਕ ਦੀਵਾ ਬਚ ਜਾਵੇਗਾ ਅਤੇ ਇੱਕ ਉੱਤਰ ਦੀ ਦਿਸ਼ਾ ਰਹਿ ਜਾਵੇਗੀ। ਤੂੰ ਇਹ ਦੀਵਾ ਨਹੀਂ ਬਾਲਣਾ ਅਤੇ ਨਾ ਹੀ ਇਸ ਨੂੰ ਉੱਤਰ ਵੱਲ ਲੈ ਕੇ ਜਾਣਾ।

ਇਹ ਕਹਿ ਕੇ ਸੰਤ ਚਲੇ ਗਏ। ਉਹ ਲਾਲਚੀ ਬੰਦਾ ਉਸੇ ਵੇਲ਼ੇ ਪਹਿਲਾ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਤੁਰ ਪਿਆ। ਦੂਰ ਜੰਗਲ਼ ਵਿੱਚ ਜਾ ਕੇ ਦੀਵਾ ਬੁਝ ਗਿਆ। ਉਹ ਬੰਦੇ ਨੇ ਉਹ ਥਾਂ ਪੁੱਟੀ ਤੇ ਉਸ ਨੂੰ ਪੈਸਿਆਂ ਨਾਲ਼ ਭਰੀ ਇੱਕ ਗਾਗਰ ਮਿਲ਼ੀ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਸੋਚਿਆ ਕਿ ਇਸ ਗਾਗਰ ਨੂੰ ਅੱਜੇ ਇੱਥੇ ਹੀ ਰਹਿਣ ਦਿੰਦਾ ਹਾਂ, ਫਿਰ ਲੈ ਜਾਵਾਂਗਾ। ਪਹਿਲਾਂ ਮੈਨੂੰ ਛੇਤੀ ਪੱਛਮ ਦਿਸ਼ਾ ਵਾਲ਼ਾ ਧਨ ਵੇਖ ਲੈਣਾ ਚਾਹੀਦਾ ਹੈ। ਇਹ ਸੋਚ ਕੇ ਉਸ ਨੇ ਦੂਜੇ ਦਿਨ ਦੂਜਾ ਦੀਵਾ ਬਾਲ਼ਿਆ ਤੇ ਪੱਛਮ ਦਿਸ਼ਾ ਵੱਲ ਤੁਰ ਪਿਆ। ਦੂਰ ਇੱਕ ਉਜਾੜ ਥਾਂ ਦੀਵਾ ਜਾ ਬੁਝਿਆ। ਉੱਥੇ ਉਸ ਬੰਦੇ ਨੇ ਧਰਤੀ ਪੁੱਟੀ ਤਾਂ ਸੋਨੇ ਦੀਆਂ ਮੋਹਰਾਂ ਨਾਲ਼ ਭਰਿਆ ਇੱਕ ਘੜਾ ਮਿਲ਼ਿਆ। ਉਸ ਨੇ ਉਸ ਘੜੇ ਨੂੰ ਵੀ ਇਹ ਸੋਚ ਕੇ ਉੱਥੇ ਰਹਿਣ ਦਿੱਤਾ ਕਿ ਪਹਿਲਾਂ ਦੱਖਣ ਵੱਲ ਜਾ ਕੇ ਵੇਖ ਲੈਣਾ ਚਾਹੀਦਾ ਹੈ। ਛੇਤੀ ਤੋਂ ਛੇਤੀ ਵੱਧ ਤੋਂ ਵੱਧ ਧਨ ਪ੍ਰਾਪਤ ਕਰਨ ਲਈ ਉਹ ਬੇਚੈਨ ਹੋ ਗਿਆ ਸੀ।

ਅਗਲੇ ਦਿਨ ਉਹ ਦੱਖਣ ਦਿਸ਼ਾ ਵੱਲ ਚੱਲ ਪਿਆ। ਦੀਵਾ ਇੱਕ ਮੈਦਾਨ ਵਿੱਚ ਜਾ ਕੇ ਬੁਝ ਗਿਆ। ਉਸ ਨੇ ਉੱਥੇ ਧਰਤੀ ਪੁੱਟੀ ਤਾਂ ਉਸ ਨੂੰ ਹੀਰੇ-ਮੋਤੀਆਂ ਨਾਲ਼ ਭਰੀਆਂ ਦੋ ਪੇਟੀਆਂ ਨਜ਼ਰ ਆਈਆਂ। ਹੀਰੇ ਮੋਤੀਆਂ ਨਾਲ਼ ਭਰੀਆਂ ਪੇਟੀਆਂ ਦੇਖ ਕੇ ਉਸ ਲਾਲਚੀ ਆਦਮੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਤਦ ਉਹ ਸੋਚਣ ਲੱਗਾ ਕਿ ਜੇ ਇਹਨਾਂ ਤਿੰਨਾਂ ਦਿਸ਼ਾਵਾਂ ਵਿੱਚ ਐਨਾ ਧਨ ਪਿਆ ਹੈ ਤਾਂ ਚੌਥੀ ਦਿਸ਼ਾ ਵਿੱਚ ਤਾਂ ਇਸ ਤੋਂ ਵੀ ਵੱਧ ਦੌਲਤ ਹੋਵੇਗੀ। ਫਿਰ ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਸੰਤਾਂ ਨੇ ਤਾਂ ਉਸ ਨੂੰ ਚੌਥੀ ਦਿਸ਼ਾ ਵੱਲ ਜਾਣ ਤੋਂ ਰੋਕਿਆ ਸੀ ਦੂਜੇ ਹੀ ਪਲ਼ ਉਸ ਦੇ ਮਨ ਨੇ ਕਿਹਾ, ਹੋ ਸਕਦਾ ਹੈ ਉਹ ਦੌਲਤ ਸੰਤ ਆਪ ਰੱਖਣੀ ਚਾਹੁੰਦੇ ਹੋਣ। ਮੈਨੂੰ ਛੇਤੀ ਉਸ ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਹੋਰ-ਹੋਰ ਧਨ ਪ੍ਰਾਪਤ ਕਰਨ ਦੇ ਲਾਲਚ ਨੇ ਉਸ ਨੂੰ ਸੰਤਾਂ ਦੇ ਬਚਨਾਂ ਬਾਰੇ ਮੁੜ ਸੋਚਣ ਹੀ ਨਾ ਦਿੱਤਾ।

ਅਗਲੇ ਦਿਨ ਸਵੇਰੇ ਹੀ ਉਸ ਨੇ ਚੌਥਾ ਦੀਵਾ ਬਾਲ਼ਿਆ ਤੇ ਕਾਹਲ਼ੀ-ਕਾਹਲ਼ੀ ਉੱਤਰ ਦਿਸ਼ਾ ਵੱਲ ਚੱਲ ਪਿਆ। ਦੂਰ ਅੱਗੇ ਇੱਕ ਮਹਿਲ ਕੋਲ਼ ਜਾ ਕੇ ਦੀਵਾ ਬੁਝ ਗਿਆ। ਮਹਿਲ ਦਾ ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ੇ ਨੂੰ ਧੱਕਾ ਦਿੱਤਾ ਤਾਂ ਦਰਵਾਜ਼ਾ ਖੁੱਲ੍ਹ ਗਿਆ। ਉਹ ਬੜਾ ਖ਼ੁਸ਼ ਹੋਇਆ। ਉਸ ਨੇ ਮਨ ਹੀ ਮਨ ਸੋਚਿਆ ਕਿ ਇਹ ਮਹਿਲ ਉਸ ਲਈ ਹੀ ਹੈ। ਉਹ ਹੁਣ ਪਹਿਲੀਆਂ ਤਿੰਨ ਦਿਸ਼ਾਵਾਂ ਵਿੱਚ ਲੱਭੀ ਦੌਲਤ ਨੂੰ ਵੀ ਇੱਥੇ ਲਿਆ ਕੇ ਰੱਖ ਲਵੇਗਾ ਤੇ ਐਸ਼ ਕਰੇਗਾ।

ਉਹ ਬੰਦਾ ਮਹਿਲ ਦੇ ਇੱਕ-ਇੱਕ ਕਮਰੇ ਵਿੱਚ ਗਿਆ। ਕੋਈ ਕਮਰਾ ਹੀਰੇ ਮੋਤੀਆਂ ਨਾਲ਼ ਭਰਿਆ ਹੋਇਆ ਸੀ। ਕਿਸੇ ਕਮਰੇ ਵਿੱਚ ਸੋਨੇ ਦੇ ਕੀਮਤੀ ਤੋਂ ਕੀਮਤੀ ਗਹਿਣੇ ਭਰੇ ਪਏ ਸਨ। ਉਸੇ ਤਰ੍ਹਾਂ ਹੋਰ ਕਮਰੇ ਵੀ ਬੇਅੰਤ ਧਨ-ਦੌਲਤ ਨਾਲ਼ ਭਰੇ ਪਏ ਸਨ। ਇਹ ਸਭ ਦੇਖ ਉਹ ਬੰਦਾ ਚਕਾ-ਚੌਂਧ ਹੋਈ ਜਾਂਦਾ ਅਤੇ ਆਪਣੇ ਚੰਗੇ ਭਾਗਾਂ ਨੂੰ ਸਲਾਹੁੰਦਾ ਹੋਇਆ ਜ਼ਰਾ ਹੋਰ ਅੱਗੇ ਵਧਿਆ ਤਾਂ ਉਸ ਨੂੰ ਇੱਕ ਕਮਰੇ ਵਿੱਚ ਚੱਕੀ ਚੱਲਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਉਸ ਕਮਰੇ ਵਿੱਚ ਦਾਖ਼ਲ ਹੋਇਆ ਤਾਂ ਦੇਖਿਆ ਕਿ ਇੱਕ ਬੁੱਢਾ ਆਦਮੀ ਚੱਕੀ ਚਲਾ ਰਿਹਾ ਹੈ। ਲਾਲਚੀ ਬੰਦੇ ਨੇ ਬੁੱਢੇ ਨੂੰ ਕਿਹਾ ਕਿ ਤੂੰ ਇੱਥੇ ਕਿਵੇਂ ਪੁੱਜਾ। ਬੁੱਢੇ ਆਦਮੀ ਨੇ ਕਿਹਾ, ਇੰਜ ਕਰ ਜ਼ਰਾ ਇਹ ਚਲਾ, ਮੈਂ ਸਾਹ ਲੈ ਕੇ ਤੈਨੂੰ ਦੱਸਦਾ ਹਾਂ। ਲਾਲਚੀ ਬੰਦੇ ਨੇ ਚੱਕੀ ਚਲਾਉਣੀ ਸ਼ੁਰੂ ਕਰ ਦਿੱਤੀ। ਬੁੱਢਾ ਚੱਕੀ ਤੋਂ ਹਟ ਕੇ ਉੱਚੀ-ਉੱਚੀ ਹੱਸਣ ਲੱਗਾ। ਲਾਲਚੀ ਬੰਦਾ ਉਸ ਵੱਲ ਹੈਰਾਨੀ ਨਾਲ਼ ਵੇਖਣ ਲੱਗਾ। ਉਹ ਚੱਕੀ ਬੰਦ ਕਰਨ ਹੀ ਲੱਗਿਆ ਸੀ ਕਿ ਬੁੱਢੇ ਨੇ ਉਸ ਨੂੰ ਖ਼ਬਰਦਾਰ ਕਰਦੇ ਹੋਏ ਕਿਹਾ, ਨਾ,ਨਾ ਚੱਕੀ ਬੰਦ ਨਾ ਕਰੀਂ। ਫਿਰ ਬੁੱਢੇ ਨੇ ਕਿਹਾ, ਇਹ ਮਹਿਲ ਹੁਣ ਤੇਰਾ ਹੈ ਪਰ ਇਹ ਉਤਨੀ ਦੇਰ ਹੀ ਖੜ੍ਹਾ ਰਹੇਗਾ ਜਿਤਨੀ ਦੇਰ ਤੂੰ ਚੱਕੀ ਚਲਾਉਂਦਾ ਰਹੇਗਾ। ਜੇ ਚੱਕੀ ਚੱਲਣੀ ਬੰਦ ਹੋ ਗਈ ਤਾਂ ਮਹਿਲ ਡਿਗ ਪਵੇਗਾ ਤੇ ਤੂੰ ਵੀ ਇਸ ਥੱਲੇ ਦਬ ਕੇ ਮਰ ਜਾਵੇਂਗਾ। ਕੁਝ ਪਲ ਰੁਕ ਕੇ ਬੁੱਢਾ ਫਿਰ ਕਹਿਣ ਲੱਗਾ, ਮੈਂ ਵੀ ਤੇਰੇ ਵਾਂਗ ਲਾਲਚ ਕਰ ਕੇ ਸੰਤਾਂ ਦੀ ਗੱਲ ਨਹੀਂ ਸੀ ਮੰਨੀ ਤੇ ਮੇਰੀ ਸਾਰੀ ਜਵਾਨੀ ਇਹ ਚੱਕੀ ਚਲਾਉਂਦਿਆਂ ਹੀ ਬੀਤ ਗਈ।

ਉਹ ਲਾਲਚੀ ਆਦਮੀ ਬੁੱਢੇ ਦੀ ਗੱਲ ਸੁਣ ਕੇ ਰੋਣ ਲੱਗ ਪਿਆ। ਫਿਰ ਕਹਿਣ ਲੱਗਾ, ਹੁਣ ਮੇਰਾ ਛੁਟਕਾਰਾ ਕਿਵੇਂ ਹੋਵੇਗਾ, ਬੁੱਢੇ ਨੇ ਕਿਹਾ ਜਦੋਂ ਮੇਰੇ ਅਤੇ ਤੇਰੇ ਵਾਂਗ ਕੋਈ ਹੋਰ ਲਾਲਚ ਵਿੱਚ ਅੰਨ੍ਹਾ ਹੋਇਆ ਬੰਦਾ ਇੱਥੇ ਆਵੇਗਾ। ਤਦ ਉਸ ਲਾਲਚੀ ਆਦਮੀ ਨੇ ਬੁੱਢੇ ਨੂੰ ਆਖ਼ਰੀ ਸਵਾਲ ਪੁੱਛਿਆ, ਤੂੰ ਹੁਣ ਬਾਹਰ ਜਾ ਕੇ ਕੀ ਕਰੇਂਗਾ

ਬੁੱਢੇ ਨੇ ਕਿਹਾ, ਮੈਂ ਸਭ ਲੋਕਾਂ ਨੂੰ ਉੱਚੀ-ਉੱਚੀ ਕਹਾਂਗਾ, ਲਾਲਚ ਬੁਰੀ ਬਲਾ ਹੈ।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਲਾਲਸਾ ਦੀ ਚੱਕੀ ਕਿਸ ਕਿਸਮ ਦਾ ਕਥਾ ਹੈ?
ਉ- ਨੀਤੀ ਕਥਾ।
ਪ੍ਰ-2 ਲਾਲਸਾ ਦੀ ਚੱਕੀ ਨੀਤੀ ਕਥਾ ਦਾ ਪਾਤਰ ਬੰਦਾ ਕਿਹੋ ਜਿਹੇ ਸੁਭਾਅ ਦਾ ਸੀ?
ਉ- ਲਾਲਚੀ।
ਪ੍ਰ-3 ਲਾਲਸਾ ਦੀ ਚੱਕੀ ਨੀਤੀ ਕਥਾ ਵਿੱਚ ਬੰਦੇ ਨੇ ਸੰਤਾਂ ਦੀ ਸੇਵਾ ਕਿਉਂ ਸ਼ੁਰੂ ਕੀਤੀ?
ਉ- ਧਨ ਪ੍ਰਾਪਤੀ ਲਈ।
ਪ੍ਰ-4 ਸੰਤ ਨੇ ਬੰਦੇ ਨੂੰ ਕਿੰਨੇ ਦੀਵੇ ਦਿੱਤੇ?
ਉ- ਚਾਰ।
ਪ੍ਰ-5 ਸੰਤ ਨੇ ਬੰਦੇ ਨੂੰ ਪਹਿਲਾ ਦੀਵਾ ਬਾਲ਼ ਕੇ ਕਿਸ ਦਿਸ਼ਾ ਵੱਲ ਜਾਣ ਲਈ ਕਿਹਾ?
ਉ- ਪੂਰਬ।
ਪ੍ਰ-6 ਸੰਤ ਨੇ ਬੰਦੇ ਨੂੰ ਦੂਜਾ ਦੀਵਾ ਬਾਲ਼ ਕੇ ਕਿਸ਼ ਦਿਸ਼ਾ ਵੱਲ ਜਾਣ ਲਈ ਕਿਹਾ?
ਉ- ਪੱਛਮ।
ਪ੍ਰ-7 ਸੰਤ ਨੇ ਬੰਦੇ ਨੂੰ ਤੀਜਾ ਦੀਵਾ ਬਾਲ਼ ਕੇ ਕਿਸ ਦਿਸ਼ਾ ਵੱਲ ਜਾਣ ਲਈ ਕਿਹਾ?
ਉ- ਦੱਖਣ।
ਪ੍ਰ-8 ਸੰਤ ਨੇ ਬੰਦੇ ਨੂੰ ਕਿਹੜਾ ਦੀਵਾ ਬਾਲ਼ਣ ਤੋਂ ਵਰਜਿਆ?
ਉ- ਚੌਥਾ।
ਪ੍ਰ-9 ਸੰਤ ਨੇ ਬੰਦੇ ਨੂੰ ਕਿਸ ਦਿਸ਼ਾ ਵੱਲ ਜਾਣ ਤੋਂ ਵਰਜਿਆ?
ਉ- ਉੱਤਰ।
ਪ੍ਰ-10 ਬੰਦੇ ਨੂੰ ਪਹਿਲਾ ਦੀਵਾ ਬਾਲ਼ ਕੇ ਪੂਰਬ ਦਿਸ਼ਾ ਵੱਲ ਜਾਣ ਤੇ ਕੀ ਮਿਲ਼ਿਆ?
ਉ- ਪੈਸਿਆਂ ਨਾਲ਼ ਭਰੀ ਗਾਗਰ।
ਪ੍ਰ-11 ਬੰਦੇ ਨੂੰ ਦੂਜਾ ਦੀਵਾ ਬਾਲ਼ ਕੇ ਪੱਛਮ ਦਿਸ਼ਾ ਵੱਲ ਜਾਣ ਤੇ ਕੀ ਮਿਲ਼ਿਆ?
ਉ- ਮੋਹਰਾਂ ਨਾਲ਼ ਭਰਿਆ ਘੜਾ।
ਪ੍ਰ-12 ਬੰਦੇ ਨੂੰ ਤੀਜਾ ਦੀਵਾ ਬਾਲ਼ ਕੇ ਦੱਖਣ ਦਿਸ਼ਾ ਵੱਲ ਜਾਣ ਤੇ ਕਾਹਦੇ ਨਾਲ਼ ਭਰੀਆਂ ਦੋ ਪੇਟੀਆਂ ਮਿਲ਼ੀਆਂ?
ਉ- ਹੀਰੇ ਮੋਤੀਆਂ ਨਾਲ਼ ਭਰੀਆਂ ਦੋ ਪੇਟੀਆਂ।
ਪ੍ਰ-13 ਚੌਥਾ ਦੀਵਾ ਬਾਲ਼ ਕੇ ਉੱਤਰ ਦਿਸ਼ਾ ਵੱਲ ਜਾਣ ਤੇ ਬੰਦਾ ਕਿੱਥੇ ਪੁੱਜਾ?
ਉ- ਇਕ ਮਹਿਲ ਵਿੱਚ।
ਪ੍ਰ-14 ਇਕ ਕਮਰੇ ਵਿੱਚ ਚੱਕੀ ਕੌਣ ਚਲਾ ਰਿਹਾ ਸੀ?
ਉ- ਇਕ ਬੁੱਢਾ।
ਪ੍ਰ-15 ਬੁੱਢੇ ਨੇ ਬੰਦੇ ਨੂੰ ਕਿਸ ਕੰਮ ਲਾ ਦਿੱਤਾ?
ਉ- ਚੱਕੀ ਚਲਾਉਣ।
ਪ੍ਰ-16 ਚੱਕੀ ਚਲਾਉਣੀ ਬੰਦ ਕਰਨ ਨਾਲ਼ ਮਹੱਲ ਨੂੰ ਕੀ ਹੋਣਾ ਸੀ?
ਉ- ਬੰਦਿਆਂ ਉੱਪਰ ਡਿੱਗ ਪੈਣਾ ਸੀ।
ਪ੍ਰ-17 ਬੁੱਢੇ ਨੇ ਕਿਉਂ ਸੰਤਾਂ ਦੀ ਗੱਲ ਨਹੀਂ ਸੀ ਮੰਨੀ?
ਉ- ਲਾਲਚ ਕਾਰਨ।
ਪ੍ਰ-18 ਬੁੱਢੇ ਨੂੰ ਚੱਕੀ ਚਲਾਉਂਦਿਆਂ ਕਿੰਨਾ ਸਮਾਂ ਬੀਤ ਗਿਆ ਸੀ?
ਉ- ਸਾਰੀ ਜਵਾਨੀ।
ਪ੍ਰ-19 ਬੰਦਾ ਦਾ ਚੱਕੀ ਚਲਾਉਣ ਤੋਂ ਛਟਕਾਰਾ ਕਿਵੇਂ ਹੋਣਾ ਸੀ?

ਉ- ਕਿਸੇ ਹੋਰ ਲਾਲਚੀ ਬੰਦੇ ਦੇ ਆਉਣ ਨਾਲ਼।
ਪ੍ਰ-20 ਬੁੱਢੇ ਨੇ ਅੰਤ ਵਿੱਚ ਸਭ ਲੋਕਾਂ ਨੂੰ ਉੱਚੀ-ਉੱਚੀ ਬੋਲ ਕੇ ਕੀ ਦੱਸਣ ਲਈ ਕਿਹਾ?
ਉ- ਲਾਲਚ ਬੁਰੀ ਬਲਾ ਹੈ।
ਪ੍ਰ-21 ਇਕ ਬੰਦਾ, ਇਕ ਬੁੱਢਾ, ਇਕ ਸਾਧੂ ਕਿਸ ਕਹਾਣੀ ਦੇ ਪਾਤਰ ਹਨ?
ਉ- ਲਾਲਸਾ ਦੀ ਚੱਕੀ।
ਪ੍ਰ-22 ਨੀਤੀ ਕਥਾ ਕਿਹੜੀ ਹੈ?
ਉ- ਲਾਲਸਾ ਦੀ ਚੱਕੀ।